(74)

ਪੰਜਾਬ ਸਰਕਾਰ

ਚੌਕਸੀ ਵਿਭਾਗ

(ਬਜਟ ਅਤੇ ਅਮਲਾ ਸ਼ਾਖਾ)

ਵਿਸ਼ਾ:- ਵੱਖ-ਵੱਖ ਵਿਭਾਗਾਂ ਵਿੱਚ ਮੁੱਖ ਚੌਕਸੀ ਅਫਸਰਾਂ ਦੀ ਨਿਯੁਕਤੀ/ਨਾਮਜਦਗੀ ਕਰਨ ਸਬੰਧੀ।

********

ਨਿਮਨ ਸੰਬੋਧਿਤ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਆਪ ਜੀ ਦਾ ਧਿਆਨ ਚੌਕਸੀ ਵਿਭਾਗ ਵੱਲੋਂ ਵਿਸ਼ੇ ਅੰਕਿਤ ਮਾਮਲੇ ਸਬੰਧੀ ਜਾਰੀ ਹਦਾਇਤਾਂ ਨੰ: 19/1/98-4ਚ1/3900-4050, ਮਿਤੀ 6.3.2000 ਅਤੇ ਅੰ:ਵਿ:ਪੱ:ਨੰ: 19/4/2001-4ਚ1/19136, ਮਿਤੀ 28.09.2001 ਵੱਲ ਦਿਵਾਇਆ ਜਾਂਦਾ ਹੈ।

3. ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਧੀਨ ਆਉਂਦੇ ਵਿਭਾਗਾਂ ਵਿੱਚੋਂ ਤਿੰਨ ਅਧਿਕਾਰੀਆਂ ਦੇ ਨਾਮ ਦਾ ਪੈਨਲ ਮਾਣਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਲਈ ਉਹਨਾਂ ਵਿੱਚੋਂ ਇੱਕ ਮੁੱਖ ਚੌਕਸੀ ਅਫਸਰ ਦੀ ਨਿਯੁਕਤੀ/ਨਾਮਜਦਗੀ ਕਰਨ ਸਬੰਧੀ ਸਿੱਧੇ ਹੀ ਭੇਜਣ ਦੀ ਖੇਚਲ ਕੀਤੀ ਜਾਵੇ। ਮਾਣਯੋਗ ਮੁੱਖ ਮੰਤਰੀ ਜੀ ਵੱਲੋਂ ਪੈਨਲ ਵਿੱਚੋਂ ਨਿਯੁਕਤ/ਨਾਮਜਦ ਕੀਤੇ ਮੁੱਖ ਚੌਕਸੀ ਅਫਸਰ ਦੀ ਮਿਆਦ ਦੋ ਸਾਲ ਦੀ ਹੋਵੇਗੀ, ਜੋ ਕਿ ਅੱਗੇ ਲਈ ਵਧਾਈ ਵੀ ਜਾ ਸਕਦੀ ਹੈ ਅਤੇ ਜਿੱਥੇ ਸੰਭਵ ਹੋਵੇ, ਇਹ ਮੁੱਖ ਚੌਕਸੀ ਅਫ਼ਸਰ ਪੂਰੇ ਸਮੇਂ ਲਈ (Full time basis) ਨਿਯੁਕਤ ਕੀਤੇ ਜਾਣਗੇ। ਉਪਰੋਕਤ ਅਨੁਸਾਰ ਆਪਣੇ ਵਿਭਾਗ ਵਿੱਚੋਂ ਮੁੱਖ ਚੌਕਸੀ ਅਫਸਰ ਦੀ ਨਿਯੁਕਤੀ/ਨਾਮਜਦ ਕਰਨ ਲਈ ਲੋੜੀਂਦਾ ਪੈਨਲ ਇੱਕ ਮਹੀਨੇ ਦੇ ਅੰਦਰ-ਅੰਦਰ ਮਾਣਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਲਈ ਉਹਨਾਂ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ। ਮੁੱਖ ਚੌਕਸੀ ਅਫਸਰ ਦੀ ਨਿਯੁਕਤੀ/ਨਾਮਜਦ ਉਪਰੰਤ ਚੌਕਸੀ ਵਿਭਾਗ ਨੂੰ ਵੀ ਸੂਚਿਤ ਕਰਨ ਦੀ ਖੇਚਲ ਕੀਤੀ ਜਾਵੇ ਜੀ।

ਉਪ ਅਧੀਨ ਸਕੱਤਰ ਚੌਕਸੀ

ਸੇਵਾ ਵਿਖੇ

1. ਵਧੀਕ ਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ(ਪੁਲਿਸ ਵਿਭਾਗ ਵਿੱਚ CVO ਲਗਾਉਣ ਸਬੰਧੀ);
2. ਵਧੀਕ ਮੁੱਖ ਸਕੱਤਰ, ਸਹਿਕਾਰਤਾ ਵਿਭਾਗ;
3. ਵਧੀਕ ਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ;
4. ਵਧੀਕ ਮੁੱਖ ਸਕੱਤਰ, ਕਰ ਅਤੇ ਆਬਕਾਰੀ ਵਿਭਾਗ;
5. ਵਧੀਕ ਮੁੱਖ ਸਕੱਤਰ, ਮਾਲ ਵਿਭਾਗ;
6. ਵਧੀਕ ਮੁੱਖ ਸਕੱਤਰ, ਖੇਤੀਬਾੜੀ ਵਿਭਾਗ;
7. ਵਿੱਤੀ ਕਮਿਸ਼ਨਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ;
8. ਪ੍ਰਮੁੱਖ ਸਕੱਤਰ, ਆਮ ਰਾਜ ਪ੍ਰਬੰਧ ਵਿਭਾਗ;
9. ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ;
10. ਪ੍ਰਮੁੱਖ ਸਕੱਤਰ, ਊਰਜਾ ਵਿਭਾਗ (PSPCL ਵਿੱਚ ਮੁੱਖ ਚੌਕਸੀ ਅਫਸਰ ਲਗਾਉਣ ਸਬੰਧੀ);
11. ਪ੍ਰਮੁੱਖ ਸਕੱਤਰ, ਟਰਾਂਸਪੋਰਟ ਵਿਭਾਗ;
12. ਪ੍ਰਮੁੱਖ ਸਕੱਤਰ, ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ;
13. ਪ੍ਰਮੁੱਖ ਸਕੱਤਰ, ਜਲ ਸਰੋਤ ਵਿਭਾਗ;
14. ਸਕੱਤਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ;
15. ਸਕੱਤਰ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ);
16. ਸਕੱਤਰ, ਚੌਕਸੀ ਵਿਭਾਗ।

ਅੰ:ਵਿ:ਪੱ:ਨੰ: 19/2/2017-3ਬਅ/ 1290127/1-19 ਮਿਤੀ, ਚੰਡੀਗੜ੍ਹ: 06/8/18

ਅੰਦਰੂਨੀ ਪ੍ਰਬੰਧ ਰਾਹੀ:-

1. ਨਿੱਜੀ ਸਕੱਤਰ/ਮੁੱਖ ਪ੍ਰਮੁੱਖ ਸਕੱਤਰ/ ਮੁੱਖ ਮੰਤਰੀ ਪੰਜਾਬ;
2. ਸਕੱਤਰ/ ਮੁੱਖ ਸਕੱਤਰ ਪੰਜਾਬ;
3. ਸੁਪਰਡੰਟ ਚੌਕਸੀ-2 ਸ਼ਾਖਾ।